© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040303

Volume 4, Issue 3 | July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.03

| DOI | Received Date | Accepted Date | Published Date |
|---|---|---|---|
| 10.64119/armaan.vol.4.issue3.03 | August 04, 2026 | August 31, 2026 | September 05, 2026 |

ਖੋਜ ਪੇਪਰ (Research Article)

# ਸੂਫ਼ੀ ਵਿਚਾਰਧਾਰਾ: ਪਿਆਰ ਅਤੇ ਸ਼ਾਂਤੀ ਦਾ ਵਿਸ਼ਵ ਸੁਨੇਹਾ

## Sufi Vichardhara: Pyar Ate Shanti Da Vishav Suneha

**ਡਾ. ਅਨੁਰਾਧਾ (Dr. Anuradha)**

ਅਸਿਸਟੈਂਟ ਪ੍ਰੋਫ਼ੈਸਰ (Assistant Professor)

ਗੌਰਮਿੰਟ ਕਾਲਜ ਫੋਰ ਵੂਮੈਨ, ਗਾਂਧੀ ਨਗਰ, ਜੰਮੂ (ਜੰਮੂ & ਕਸ਼ਮੀਰ)- 180004

ORCID: 0009-0000-5547-6135

*E-Mail:* anuradha9596770363@gmail.com

***ਸਾਰ (Abstract)***

*ਭਾਰਤੀ ਸਮਾਜ ਵਿਚ ਸਭਿਆਚਾਰਕ ਪੁਨਰ ਜਾਗਰਨ ਦਾ ਦੌਰ ਸੂਫ਼ੀਆਂ ਦੀ ਆਮਦ ਨਾਲ ਸ਼ੁਰੂ ਹੁੰਦਾ ਹੈ। ਸੂਫ਼ੀ ਵਿਚਾਰਧਾਰਾ ਨਾਲ ਜੁੜੀ ਸਮੁੱਚੀ ਕਾਵਿ –ਰਚਨਾ ਮਨੁੱਖੀ ਜੀਵਨ ਨਾਲ ਸੰਬੰਧਿਤ ਅਤੇ ਇਸ ਨੂੰ ਸੇਧ ਦੇਣ ਵਾਲੇ ਕੁਝ ਅਜਿਹੇ ਬੁਨਿਆਦੀ ਮਸਲਿਆਂ ਨਾਲ ਸਰੋਕਾਰ ਰੱਖਦੀ ਹੈ, ਜਿਹੜੇ ਅੱਜ ਦੇ ਯੁੱਗ ਵਿਚ ਵੀ ਪੁਰਾਤਨ ਜਾਂ ਅਪ੍ਰਾਸੰਗਿਕ ਨਹੀਂ ਲੱਗਦੇ। ਸੂਫ਼ੀ ਸਾਧਕਾਂ ਨੇ ਮਨੁੱਖ ਦੁਆਰਾ ਸਥਾਪਿਤ ਕੀਤੀ ਗਈ ਧਰਮ ਅਤੇ ਵਰਣ ਆਧਾਰਿਤ ਪਛਾਣ 'ਤੇ ਚੋਟ ਮਾਰੀ ਤੇ ਬਾਹਰਮੁਖੀ ਕਰਮਕਾਂਡਾਂ ਦੀ ਆਲੋਚਨਾ ਕੀਤੀ ਹੈ। ਸੂਫ਼ੀ ਸਿੱਖਿਆ ਧਿਆਨ, ਸਿਮਰਨ ਅਤੇ ਖੁਦ ਨਾਲ ਸਾਂਝ ਪਾਉਣ ਦੀ ਗੱਲ ਕਰਦੀ ਹੋਈ ਇਸ਼ਕ ਮਿਜਾਜ਼ੀ ਤੋਂ ਇਸ਼ਕ ਹਕੀਕੀ ਦਾ ਸਫ਼ਰ ਤੈਅ ਕਰਵਾਉਂਦੀ ਹੈ। ਅਜੋਕੇ ਸਮਾਜ ਵਿਚ ਜਿੱਥੇ ਪਰਸਪਰ ਵੈਰ-ਵਿਰੋਧ, ਨਫ਼ਰਤ ਅਤੇ ਹਿੰਸਾ ਦਾ ਬੋਲਬਾਲਾ ਹੈ, ਉੱਥੇ ਸੂਫ਼ੀ ਵਿਚਾਰਧਾਰਾ ਦਾ ਨੈਤਿਕ ਆਦਰਸ਼ ਹੋਰ ਵੀ ਪ੍ਰਾਸੰਗਿਕ ਹੋ ਜਾਂਦਾ ਹੈ। ਸੂਫ਼ੀਆਂ ਦੀ ਧਾਰਮਿਕ ਸੁਹਿਰਦਤਾ ਵਾਲੀ ਉਦਾਰਵਾਦੀ ਨੀਤੀ ਨਸਲੀ ਭੇਦਭਾਵ ਅਤੇ ਫਿਰਕੂ ਹਿੰਸਾ ਨੂੰ ਰੱਦ ਕਰਦੀ ਹੈ। ਆਚਰਣਿਕ ਉੱਚਤਾ ਤੇ ਭਰਾਤਰੀ ਸੰਬੰਧਾਂ ਦੀ ਸਥਾਪਨਾ ਹੀ ਸੂਫ਼ੀਆਂ ਦਾ ਮੁੱਖ ਉਦੇਸ਼ ਹੈ। ਅੱਜ ਮਨੁੱਖ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਬੇਮਿਸਾਲ ਤਰੱਕੀ ਕਰ ਰਿਹਾ ਹੈ, ਪਰ ਇਸ ਦੇ ਨਾਲ ਹੀ ਮਾਨਸਿਕ ਤਣਾਅ, ਇਕੱਲਾਪਣ, ਅਸਹਿਣਸ਼ੀਲਤਾ ਅਤੇ ਆਪਸੀ ਦੂਰੀ ਵੀ ਵਧ ਰਹੀ ਹੈ। ਮਨੁੱਖ ਬਾਹਰੀ ਸੁੱਖ-ਸਹੂਲਤਾਂ ਇਕੱਠੀਆਂ ਕਰਨ ਵਿਚ ਤਾਂ ਸਫਲ ਹੋ ਗਿਆ ਹੈ, ਪਰ ਅੰਦਰੂਨੀ ਸ਼ਾਂਤੀ ਦੀ ਭਾਲ ਅਜੇ ਵੀ ਜਾਰੀ ਹੈ। ਸੂਫ਼ੀ ਵਿਚਾਰਧਾਰਾ ਇਸ ਸਥਿਤੀ ਵਿਚ ਮਨੁੱਖ ਨੂੰ ਆਪਣੇ ਅੰਦਰ ਝਾਤ ਮਾਰਨ, ਆਪਣੀਆਂ ਕਮਜ਼ੋਰੀਆਂ ਨੂੰ ਪਛਾਣਨ ਅਤੇ ਮਨ ਦੀ ਸ਼ੁੱਧਤਾ ਵੱਲ ਵਧਣ ਦਾ ਸੰਦੇਸ਼ ਦਿੰਦੀ ਹੈ।*

***ਮੁੱਖ-ਸ਼ਬਦ (Keywords)***

*ਧਾਰਮਿਕ ਸੁਹਿਰਦਤਾ, ਪ੍ਰਾਸੰਗਿਕਤਾ,ਆਚਰਣਿਕ ਉੱਚਤਾ, ਤਿਆਗ, ਆਰਥਿਕ ਕਾਣੀ-ਵੰਡ।*

ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਸ਼ਾਂਤੀ ਅਤੇ ਪ੍ਰੇਮ ਦੀ ਖੋਜ ਇਕ ਨਿਰੰਤਰ ਪ੍ਰਕਿਰਿਆ ਰਹੀ ਹੈ। ਧਰਮ, ਦਰਸ਼ਨ, ਕਲਾ ਤੇ ਸਾਹਿਤ ਨੇ ਮਨੁੱਖ ਨੂੰ ਹਿੰਸਾ ਅਤੇ ਵੈਰ-ਵਿਰੋਧ ਤੋਂ ਮੁਕਤ ਕਰਕੇ ਸਹਿ-ਅਸਤਿਤਵ ਵੱਲ ਲਿਜਾਣ ਲਈ ਵੱਖ-ਵੱਖ ਰਾਹ ਸੁਝਾਏ ਹਨ। ਸੂਫ਼ੀ ਵਿਚਾਰਧਾਰਾ ਇਸ ਸੰਦਰਭ ਵਿਚ ਇਕ ਮਹੱਤਵਪੂਰਨ ਅਧਿਆਤਮਿਕ ਅਤੇ ਮਨੁੱਖਤਾਵਾਦੀ ਪਰੰਪਰਾ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਸੂਫ਼ੀ ਵਿਚਾਰਧਾਰਾ ਅਸਲ ਵਿਚ ਇਸਲਾਮ ਦੇ ਅੰਦਰੋਂ ਵਿਕਸਿਤ ਹੋਈ ਵਿਚਾਰਧਾਰਾ ਹੈ ਜੋ ਬੰਦੇ ਅਤੇ ਖੁਦਾ ਦੀ ਏਕਤਾ ਦਾ ਸਿਧਾਂਤ ਸਾਹਮਣੇ ਰੱਖਦੀ ਹੈ। ਇਸਲਾਮ ਉਹ ਰਹੱਸਵਾਦੀ ਵਿਚਾਰਧਾਰਾ ਹੈ, ਜਿਸਦਾ ਮੂਲ ਸੰਕਲਪ ਉਸ ਅੱਲਾਹ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।

ਰਹੱਸਵਾਦ ਬਾਰੇ ਪਲੈਖਾਨੋਵ ਲਿਖਦਾ ਹੈ:-

> *When a man loses all spiritual contact*
> *with his fellows, his ideal life loses,*
> *all contact with the earth, His fantasy*
> *Carries him off into the skies and he becomes a mystic.* [1]

ਸੂਫ਼ੀ ਸ਼ਬਦ ਦੀ ਉਤਪਤੀ ਬਾਰੇ ਵਿਦਵਾਨਾਂ ਦਾ ਇਕ ਮਤ ਨਹੀਂ ਹੈ। ਫਿਰ ਵੀ ਇਸ ਸਬਦ ਦੀ ਉਤਪਤੀ 'ਸੂਫ਼', 'ਸਫ਼', ਜਾਂ 'ਸਵਫ਼' ਤੋਂ ਹੋਈ ਮੰਨੀ ਜਾਂਦੀ ਹੈ।

ਕੇਵਲ ਉੱਨ ਦਾ ਲਿਬਾਸ ਧਾਰਨ ਕਰਨ ਵਾਲਿਆਂ ਨੂੰ ਸੂਫ਼ੀ ਨਹੀਂ ਕਿਹਾ ਜਾ ਸਕਦਾ। ਸੱਚਾ ਸੂਫ਼ੀ ਉਹ ਹੈ ਜੋ ਆਪਣੇ ਮਨ ਤੇ ਕਾਬੂ ਰੱਖ ਕੇ ਉਸ ਪਰਮਾਤਮਾ ਨਾਲ ਇੱਕਮਿੱਕ ਹੁੰਦਾ ਹੈ ਤੇ ਦੁਨਿਆਵੀ ਪਦਾਰਥਾਂ ਤੋਂ ਨਿਰਲੇਪ ਰਹਿੰਦਾ ਹੈ। ਸੂਫ਼ੀਮਤ ਦੀ ਪਰਿਭਾਸ਼ਾ ਦਿੰਦੇ ਹੋਏ ਪ੍ਰੋ. ਗੁਲਵੰਤ ਸਿੰਘ ਲਿਖਦੇ ਹਨ:-

*ਸੂਫ਼ੀਵਾਦ ਦਾ ਅਸਲ, ਮਤਲਬ ਦੋ ਗੱਲਾਂ ਉੱਪਰ ਨਿਰਭਰ ਹੈ, ਪਹਿਲੀ ਅਨੁਸਾਰ ਜ਼ਰੂਰੀ ਹੈ ਕਿ ਸੂਫ਼ੀ ਆਪਣੇ ਮਨ ਨੂੰ ਮਾਰ ਚੁੱਕਾ ਹੋਵੇ, ਉਸਦਾ ਦਿਲ ਸਾਫ਼ ਹੋਵੇ, ਹਜ਼ਰਤ ਪੈਗੰਬਰ ਸਾਹਿਬ ਦੇ ਚਰਨ ਚਿੰਨ੍ਹਾਂ ਦਾ ਅਨੁਸਾਰੀ ਹੋਵੇ, ਹੋਰ ਸਾਰੇ ਸੰਬੰਧ ਤੋੜ ਕੇ ਸਿਰਫ਼ ਅੱਲਾ ਨਾਲ ਸੰਬੰਧ ਜੋੜ ਚੁੱਕਾ ਹੋਵੇ ਅਤੇ ਹਰ ਵੇਲੇ ਰੱਬ ਦੀ ਯਾਦ, ਵਿਚ ਲੀਨ ਰਹਿੰਦਾ ਹੋਵੇ।* [2]

ਭਾਰਤੀ ਅਤੇ ਸਾਮੀ ਸਭਿਆਚਾਰਾਂ ਦੇ ਆਪਸੀ ਟਕਰਾਉ ਅਤੇ ਸੁਮੇਲ ਦੀ ਪ੍ਰਕਿਰਿਆ ਦੇ ਨਤੀਜੇ ਵੱਜੋਂ ਨਾ ਸਿਰਫ਼ ਭਾਰਤ ਦੀ ਸਮਾਜਿਕ ਸੰਰਚਨਾ ਅਤੇ ਮਾਨਸਿਕਤਾ ਵਿਚ ਬਦਲਾਵ ਆਏ ਸਗੋਂ ਧਰਮ, ਕਲਾ ਅਤੇ ਦਰਸ਼ਨ ਉਪਰ ਵੀ ਇਸਦਾ ਪ੍ਰਭਾਵ ਪਿਆ। ਸੂਫ਼ੀਆਂ ਵੀ ਆਮਦ ਤੋਂ ਪਹਿਲਾਂ ਭਾਰਤੀ ਦਰਸ਼ਨ ਵਿਚ ਬਹੁਦੇਵਵਾਦ ਅਤੇ ਸਗੁਣ ਪਰਮਾਤਮਾ ਦੀ ਹੋਂਦ ਸੀ। ਸੂਫ਼ੀਆਂ ਨੇ ਇਕ-ਈਸ਼ਵਰਵਾਦੀ ਅਤੇ ਨਿਰਾਕਾਰ ਪਰਮਾਤਮਾ ਦਾ ਸੰਕਲਪ ਦੇ ਕੇ ਭਾਰਤੀ ਸਭਿਆਚਾਰ ਵਿਚ ਨਵਾਂ ਵਿਚਾਰਧਾਰਕ ਮੋੜ ਲਿਆਂਦਾ। *ਡਾ. ਸੁਜਾ ਅਲਹੱਕ ਸੂਫ਼ੀ ਲਹਿਰ ਦੀ ਮੂਲ ਪ੍ਰਾਪਤੀ ਇਨ੍ਹਾਂ ਦੀ 'ਇਕ-ਈਸ਼ਵਰਵਾਦੀ' (Unitarian Vision) ਦ੍ਰਿਸ਼ਟੀ ਨੂੰ ਮੰਨਦਾ ਹੈ।* [3]

ਸੂਫ਼ੀਆਂ ਦੁਆਰਾ ਸੁਝਾਏ ਰੱਬ ਤੇ ਮਨੁੱਖ ਦੇ ਸਿੱਧੇ ਭਾਵਨਾਮੂਲਕ ਸੰਬੰਧਾਂ ਨੇ ਹਰ ਵਿਅਕਤੀ ਲਈ ਮੁਕਤੀ ਅਤੇ ਬਰਾਬਰੀ ਦਾ ਰਾਹ ਖੋਲ੍ਹ ਦਿੱਤਾ। 'ਇਸ਼ਕ ਨੂੰ ਅਲਾਹ ਦੀ ਜਾਤ' ਕਹਿ ਕੇ ਸੂਫ਼ੀਆਂ ਨੇ ਆਮ ਆਦਮੀ ਨੂੰ ਧਰਮ ਦੇ ਅਖੌਤੀ ਠੇਕੇਦਾਰਾਂ ਤੋਂ ਮੁਕਤ ਕਰਵਾਇਆ ਤੇ ਪ੍ਰੇਮ-ਭਗਤੀ ਦਾ ਸੱਚਾ ਰਾਹ ਦਿਖਾਇਆ। ਸੂਫ਼ੀਆਂ ਨੇ ਮਾਨਵਤਾ ਦੇ ਗੀਤ ਗਾਏ। ਸਾਦਗੀ ਅਤੇ ਧਾਰਮਿਕ ਰਵਾਦਾਰੀ ਕਾਰਨ ਸੂਫ਼ੀ ਫ਼ਕੀਰ ਆਮ ਲੋਕਾਂ ਵਿਚ ਪ੍ਰਸਿੱਧ ਹੋ ਗਏ। ਸੂਫ਼ੀ ਸਾਧਕਾਂ ਅਨੁਸਾਰ ਬਾਹਰੀ ਸ਼ਾਂਤੀ ਦੀ ਸ਼ੁਰੂਆਤ ਅੰਦਰੂਨੀ ਸ਼ਾਂਤੀ ਤੋਂ ਹੁੰਦੀ ਹੈ। ਜਿਸ ਮਨੁੱਖ ਦੇ ਅੰਦਰ ਨਫ਼ਰਤ, ਹਉਮੈ ਅਤੇ ਬਦਲੇ ਦੀ ਭਾਵਨਾ ਭਰੀ ਹੋਵੇ, ਉਸ ਵੱਲੋਂ ਸ਼ਾਂਤੀਪੂਰਨ ਸਮਾਜ ਦੀ ਸਿਰਜਣਾ ਨਾਮੁਮਕਿਨ ਹੈ। ਸੂਫ਼ੀ ਵਿਚਾਰਧਾਰਾ ਪਹਿਲਾਂ ਵਿਅਕਤੀ ਦੇ ਅੰਦਰ ਪਰਿਵਰਤਨ ਦੀ ਗੱਲ ਕਰਦੀ ਹੈ ਤੇ ਫਿਰ ਸਮਾਜ ਵਿਚ ਪਰਿਵਰਤਨ ਦੀ। ਅਸਲ ਵਿਚ ਸੂਫ਼ੀਵਾਦ ਮਨੁੱਖ ਨੂੰ ਅੰਦਰੂਨੀ ਸ਼ਾਂਤੀ ਤੋਂ ਸਮਾਜਿਕ ਸ਼ਾਂਤੀ ਵੱਲ ਜਾਣ ਲਈ ਵਿਚਾਰਧਾਰਕ ਯਾਤਰਾ ਤੈਅ ਕਰਵਾਉਂਦਾ ਹੈ।

ਸੂਫ਼ੀ ਵਿਚਾਰਧਾਰਾ ਨਾਲ ਜੁੜੀ ਸਮੁੱਚੀ ਕਾਵਿ-ਰਚਨਾ ਮਨੁੱਖੀ ਜੀਵਨ ਨਾਲ ਸੰਬੰਧਿਤ ਅਤੇ ਇਸ ਨੂੰ ਸੇਧ ਦੇਣ ਵਾਲੇ ਕੁਝ ਅਜਿਹੇ ਬੁਨਿਆਦੀ ਮਸਲਿਆਂ ਨਾਲ ਸਰੋਕਾਰ ਰੱਖਦੀ ਹੈ, ਜਿਹੜੇ ਅੱਜ ਦੇ ਯੁੱਗ ਵਿਚ ਵੀ ਪੁਰਾਤਨ ਜਾਂ ਅਪ੍ਰਾਸੰਗਿਕ ਨਹੀਂ ਲਗਦੇ। ਮੱਧਕਾਲ ਦੀਆਂ ਪਰਿਸਥਿਤੀਆਂ ਦੇ ਸੰਦਰਭ ਵਿਚ ਸੂਫ਼ੀ ਸਾਧਕਾਂ ਨੇ ਆਪਣੀ ਕਾਵਿ –ਰਚਨਾ ਵਿਚ ਇਕ ਅਜਿਹੇ ਆਦਰਸ਼ ਮਨੁੱਖ ਦਾ ਮਾਡਲ ਚਿਤਰਿਆ ਹੈ, ਜਿਸਨੂੰ ਅਪਨਾ ਕੇ ਅੱਜ ਦਾ ਮਨੁੱਖ ਦੁਨਿਆਵੀ ਬਖੇੜਿਆਂ ਤੋਂ ਨਿਰਲੇਪ ਰਹਿ ਕੇ ਦਰਵੇਸ਼ੀ ਜੀਵਨ ਜੀਅ ਸਕਦਾ ਹੈ। ਇਸ ਮਾਡਲ ਨੂੰ ਜੀਵਨ ਦਾ ਆਧਾਰ ਬਣਾ ਕੇ ਮਨੁੱਖ ਪਦਾਰਥਕ ਪਰਿਸਥਿਤੀਆਂ ਦੀਆਂ ਗੁੰਝਲਾਂ ਤੋਂ ਮੁਕਤ ਹੋ ਸਕਦਾ ਹੈ।

ਸੂਫ਼ੀਆਂ ਰਾਹੀਂ ਦਿੱਤੇ ਗਏ ਸੰਦੇਸ਼ ਅਤੇ ਉਪਦੇਸ਼ ਸਰਬੱਤ ਦੇ ਸਾਂਝੇ, ਸਦੀਵਕਾਲੀ, ਅਮਰ, ਅਟਲ ਅਤੇ ਸਤਿਕਾਰਤ ਹਨ। ਸਮੁੱਚੀ ਕਾਵਿ-ਰਚਨਾ ਆਸ਼ਾਵਾਦੀ ਹੈ। ਸੂਫ਼ੀ ਆਪਣੀ ਰਚਨਾ ਵਿਚ ਸਮਾਜਿਕ ਅਤੇ ਆਰਥਿਕ ਕਾਣੀ-ਵੰਡ, ਹਾਸ਼ਿਆਗਤ ਲੋਕਾਂ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਕੁਦਰਤ ਨੂੰ ਵੀ ਆਪਣੇ ਕਲੇਵਰ ਵਿਚ ਲੈਂਦੇ ਹਨ। ਸੂਫ਼ੀ ਸੰਤਾਂ ਨੇ ਭਾਰਤ ਵਿਚ ਵੱਖ ਵੱਖ ਧਰਮਾਂ ਅਤੇ ਸੱਭਿਆਚਾਰਾਂ ਦੇ ਲੋਕਾਂ ਵਿਚਕਾਰ ਸੰਵਾਦ ਅਤੇ ਸਾਂਝ ਨੂੰ ਉਤਸ਼ਾਹਿਤ ਕੀਤਾ। ਲੋਕਾਂ ਨੂੰ ਪਿਆਰ, ਸੇਵਾ, ਨਿਮਰਤਾ ਅਤੇ ਭਾਈਚਾਰੇ ਨਾਲ ਜੋੜਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਕਰਕੇ ਸੂਫ਼ੀ ਵਿਚਾਰਧਾਰਾ ਸਿਰਫ਼ ਇਕ ਧਾਰਮਿਕ ਵਿਚਾਰ ਪ੍ਰਣਾਲੀ ਨਹੀ ਰਹੀ, ਸਗੋਂ ਇੱਕ ਮਨੁੱਖਤਾਵਾਦੀ ਅਤੇ ਸਮਾਜਿਕ ਸੰਦੇਸ਼ ਦਾ ਰੂਪ ਵੀ ਧਾਰਨ ਕਰ ਗਈ।

ਸੂਫ਼ੀ ਵਿਚਾਰਧਾਰਾ ਦਾ ਬੁਨਿਆਦੀ ਸੰਕਲਪ 'ਰੱਬ ਇਕ ਹੈ' ਅਤੇ 'ਸਰਵ ਵਿਆਪਕ' ਹੈ। ਸੂਫ਼ੀਮਤ ਅਨੁਸਾਰ ਖੁਦਾ ਹਰ ਸ਼ੈਅ ਅੰਦਰ ਮੌਜੂਦ ਹੈ ਅਤੇ ਸਾਰੀ ਦੁਨੀਆ ਦਾ ਪਾਲਣਹਾਰ ਵੀ ਹੈ। ਵਿਸ਼ਵਾਸ਼ ਹੈ ਕਿ ਇਸ਼ਕ ਦੇ ਮਾਰਗ' ਤੇ ਚਲਣ ਵਾਲਾ ਸੂਫ਼ੀ ਸਾਧਕ ਐਨਾਂ ਖੁਲ੍ਹ ਦਿਲਾ ਹੋ ਜਾਂਦਾ ਹੈ ਕਿ ਉਸ ਨੂੰ ਹਰ ਜੀਵ ਵਿਚ ਪਰਮਾਤਮਾ ਹੀ ਨਜ਼ਰ ਆਉਂਦਾ ਹੈ। ਬਾਬਾ ਫ਼ਰੀਦ ਜੀ ਕਹਿੰਦੇ ਹਨ:-

*ਇਕੁ, ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇਂ।* [4]

ਉਸ ਪਰਮਾਤਮਾ ਦਾ ਅਸਲੀ ਘਰ ਤਾਂ ਇਨਸਾਨ ਦਾ ਹਿਰਦਾ ਹੈ. ਉਹ ਸ੍ਰਿਸ਼ਟੀ ਦੇ ਕਣ-ਕਣ ਵਿਚ ਵਿਰਾਜਮਾਨ ਹੈ।

*ਬੁਲਾ ਸਾਈਂ ਘਟ ਘਟ ਰੰਵਿਆ ਜਿਉਂ ਆਟੇ ਵਿਚ ਲੋਣ* [5]

ਉਸ ਪਰਮਾਤਮਾ ਦੇ ਕਈਂ ਨਾਂ ਹਨ। ਕੋਈ ਉਸਨੂੰ ਰਾਮ, ਕੋਈ ਕ੍ਰਿਸ਼ਨ ਅਤੇ ਕੋਈ ਹਾਜੀ ਆਖਦਾ ਹੈ। ਉਸਦਾ ਪਸਾਰਾ ਹਰ ਥਾਂ ਤੇ ਹੈ। ਬੁੱਲੇ ਸ਼ਾਹ ਜੀ ਕਹਿੰਦੇ ਹਨ:-

*ਬਿੰਦਰਾਬਨ ਮੈਂ ਗਊਆਂ ਚਰਾਵੇ*
*ਲੰਕਾ ਚੜ੍ਹ ਕੇ ਨਾਦ ਵਜਾਵੇ*
*ਮੱਕੇ ਦਾ ਬਣ ਹਾਜੀ ਆਵੇ*
*ਵਾਹ ਵਾਹ ਰੰਗ ਵਟਾਈਦਾ* [6]

ਸੂਫ਼ੀ ਕਾਵਿ ਵਿਚ ਪ੍ਰੇਮ ਨੂੰ ਮਨੁੱਖ ਅਤੇ ਰੱਬ ਦੇ ਰਿਸ਼ਤੇ ਦੇ ਪ੍ਰਤੀਕ ਵੱਜੋਂ ਪੇਸ਼ ਕੀਤਾ ਗਿਆ ਹੈ। ਸੂਫ਼ੀ ਸੰਤਾਂ ਨੇ ਦੂਜਿਆਂ ਦੇ ਵੱਖਰੇਪਣ ਨੂੰ ਟਕਰਾਅ ਦਾ ਕੇਂਦਰ ਬਣਨ ਦੀ ਥਾਂ ਮਨੁੱਖੀ ਵਿਭਿੰਨਤਾ ਨੂੰ ਸਵੀਕਾਰ ਕਰਨ ਦੀ ਪ੍ਰੇਰਣਾ ਦਿੱਤੀ। ਸੂਫ਼ੀ ਸੰਤਾਂ ਨੇ ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਧਾਰਮਿਕ ਪਹਿਚਾਨਾਂ ਤੋਂ ਉੱਪਰ ਇਕ ਸਾਂਝੀ ਮਨੁੱਖੀ ਪਹਿਚਾਣ ਵੀ ਮੌਜੂਦ ਹੈ। ਇਸ ਨਾਲ ਪਰਿਵਾਰ,ਸਮਾਜ ਅਤੇ ਵਿਸ਼ਵ ਪੱਧਰ ਤੇ ਸ਼ਾਂਤੀ ਦੀਆਂ ਸੰਭਾਵਨਾਵਾਂ ਵੱਧਦੀਆਂ ਹਨ।

ਸੂਫ਼ੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਕੇਵਲ ਬਾਹਰੀ ਆਡੰਬਰਾਂ ਅਤੇ ਭਗਤੀ ਨਾਲ ਨਹੀਂ ਰੀਝਦਾ। ਉਸ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਦਾਰਥਕ ਵਿਕਾਰਾਂ ਅਤੇ ਵਿਸ਼ਿਆਂ ਦੇ ਭੋਗ ਵਿਲਾਸ ਦਾ ਤਿਆਗ ਕਰਨਾ ਜ਼ਰੂਰੀ ਹੈ। ਸਦਗੁਣ

ਜਿਵੇਂ ਹਲੀਮੀ, ਨਿਮਰਤਾ , ਨੇਕੀ , ਮਨ ਦਾ ਸੰਜਮ, ਸਬਰ, ਸ਼ੁਕਰ ਧਾਰਨ ਕਰਨੇ ਬੜੇ ਜ਼ਰੂਰੀ ਹੈ। ਮਨੁੱਖ ਨੂੰ ਅੰਦਰੋਂ ਬਾਹਰੋ ਪਾਕ ਅਤੇ ਪਵਿੱਤਰ ਹੋਣਾ ਚਾਹੀਦਾ ਹੈ। ਦਿਲ ਵਿਚ ਕਿਸੇ ਕਿਸਮ ਦੀ ਖੋਟ ਅਤੇ ਬੁਰਾਈ ਨਹੀਂ ਹੋਣੀ ਚਾਹੀਦੀ। ਸ਼ੇਖ ਫ਼ਰੀਦ ਕਹਿੰਦੇ ਹਨ:-

*ਫ਼ਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ।।*
*ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ।।*[7]

*ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।।*
*ਮਤੁ ਸ਼ਰਮਿੰਦਾ ਥੀਵਹੀਂ, ਸਾਈਂ ਦੇ ਦਰਬਾਰ।।* [8]

ਸੂਫ਼ੀਆਂ ਨੇ ਦੁਨਿਆਵੀ ਪਦਾਰਥਾਂ ਦੀ ਪ੍ਰਕਿਰਤੀ ਨੂੰ ਸੰਸਾਰਕ ਦੁੱਖਾਂ ਦਾ ਵੱਡਾ ਕਾਰਨ ਮੰਨਿਆ ਹੈ। ਇਹ ਦੁਨਿਆਵੀ ਪਦਾਰਥ ਦੇਖਣ ਨੂੰ ਤਾਂ ਸੁਖਦਾਈ ਪ੍ਰਤੀਤ ਹੁੰਦੇ ਹਨ ਪਰ ਇਹ ਆਤਮਾ ਅਤੇ ਪਰਮਾਤਮਾ ਵਿਚ ਦੂਰੀ ਪੈਦਾ ਕਰਦੇ ਹਨ। ਦੁਨਿਆਵੀ ਪਦਾਰਥ ਭਰਮ ਤਾਂ ਪੈਦਾ ਕਰ ਸਕਦੇ ਹਨ, ਪਰੰਤੂ ਪ੍ਰਭੂ ਮਿਲਾਪ ਨਹੀਂ। ਫ਼ਰੀਦ ਜੀ ਅਨੁਸਾਰ:-

*ਫ਼ਰੀਦਾ ਕੋਠੇ ਮੰਡਪ ਮਾੜੀਆਂ, ਉਸਾਰਦੇ ਭੀ ਗਏ।।*
*ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ।।* [9]

ਸੂਫ਼ੀਆਂ ਅਨੁਸਾਰ ਇਹ ਸੰਸਾਰ ਨਾਸ਼ਮਾਨ ਹੈ। ਸੂਫ਼ੀ ਮਨੁੱਖ ਨੂੰ ਇਕ ਅਜਿਹੀ ਹੋਂਦ ਦੇ ਰੂਪ ਵਿਚ ਚਿਤਰਦੇ ਹਨ ਜੋ ਆਪਣੇ ਮੂਲ ਸੋਮੇ (ਪਰਮਾਤਮਾ) ਵਿਚ ਅਭੇਦ ਹੋਣ ਦੀ ਸਮਰੱਥਾ ਵੀ ਰੱਖਦਾ ਹੈ ਅਤੇ ਨਾਸ਼ਮਾਨ ਸੰਸਾਰ ਵਿਚ ਬਰਬਾਦ ਹੋ ਜਾਣ ਦੀ ਮਲੀਨਤਾ ਵੀ। ਇੱਥੇ ਮੌਤ ਦਾ ਚਿਤਰਣ ਪ੍ਰੇਰਨਾ ਦਾ ਰੂਪ ਅਖਤਿਆਰ ਕਰਦਾ ਹੈ। ਸੂਫ਼ੀਆਂ ਦਾ ਮੂਲ ਪ੍ਰਯੋਜਨ ਮਨੁੱਖ ਨੂੰ ਮਾਇਆ ਤੋਂ ਉਪਰਾਮ ਕਰਨਾ ਤੇ ਰੱਬ ਨਾਲ ਜੋੜਨਾ ਹੈ। ਬਾਬਾ ਫ਼ਰੀਦ ਕਹਿੰਦੇ ਹਨ:-

*ਸ਼ੇਖ ਹੈਯਾਤਿ ਜਗਿ ਨ ਕੋਈ ਥਿਰੁ ਰਹਿਆ।।*
*ਜਿਸ ਆਸਣਿ ਹਮ ਬੈਠੇ ਕੇਤੇ ਬੈਸ ਗਇਅ।।* [10]

*ਫ਼ਰੀਦਾ ਖਿੰਥਿੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ।।*
*ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ।।* [11]

ਨਾਸ਼ਮਾਨ ਸੰਸਾਰ ਵਿਚ ਖਾਕ ਦੀਆਂ ਬਣੀਆਂ ਹੋਈਆਂ ਸਾਰੀਆਂ ਵਸਤਾਂ ਅਤੇ ਸੂਰਤਾਂ ਨੇ ਇਕ ਦਿਨ ਖਾਕ ਹੋ ਜਾਣਾ ਹੈ। ਸੂਫ਼ੀ ਇਸ ਨਾਸ਼ਮਾਨ ਸੰਸਾਰ ਨੂੰ ਪੇਕਾ ਅਤੇ ਪਰਮਾਤਮਾ ਦੇ ਘਰ ਨੂੰ ਸੁਹਰਾ ਘਰ ਕਹਿੰਦੇ ਹਨ। ਮਨੁੱਖ ਆਪਣੇ ਸਮਾਜਿਕ ਜੀਵਨ ਦੇ ਝਮੇਲਿਆਂ ਅੰਦਰ ਇੰਨਾ ਉਲਝਿਆ ਰਹਿੰਦਾ ਹੈ ਕਿ ਉਸਨੂੰ ਜੀਵਨ ਦਾ ਅਸਲ ਉਦੇਸ਼ ਹੀ ਭੁੱਲ ਜਾਂਦਾ ਹੈ। ਸੂਫ਼ੀ ਸਾਧਕ ਆਪਣੀ ਕਾਵਿ ਰਚਨਾ ਰਾਹੀਂ ਸੰਸਾਰਕ ਨਾਸ਼ਮਾਨਤਾ/ਅਥਿਰਤਾ ਦੀ ਚੇਤਾਵਨੀ ਦਿੰਦੇ ਹੋਏ ਮਨੁੱਖ ਨੂੰ ਗਫ਼ਲਤ , ਅਣਗਹਿਲੀ ਤੇ ਅਗਿਆਨਤਾ ਤੋਂ ਛੁਟਕਾਰਾ ਪਾ ਕੇ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਪਛਾਣਨ ਲਈ ਹਲੂਣਾ ਦਿੰਦੇ ਹਨ। ਸ਼ਾਹ ਹੁਸੈਨ ਕਹਿੰਦੇ ਹਨ:-

*ਵਡੇ ਉੱਚੇ ਮਹਲ ਉਸਾਰੀਓ,*
*ਗੋਰ ਨਿਮਾਣੀ ਘਰੁ ਵੋ*
*ਜਿਸ ਦੇਹੀ ਦਾ ਤੂੰ ਮਾਣ ਕਰੇਨੈ*
*ਜਿਉਂ ਪਰਛਾਵੇਂ ਢਰੁ ਵੋ।* [12]

*ਗੁਲਾਮ ਫ਼ਰੀਦ ਅਨੁਸਾਰ:-*

*ਗੁਜਰਿਆ ਵੇਲਾ ਹਸਣ ਖੇਲਣ ਦਾ*
*ਆਇਆ ਵਕਤ ਫ਼ਰੀਦ ਚਲਣ ਦਾ*
*ਔਖਾ ਪੈਂਡਾ ਦੋਸਤ ਮਿਲਣ ਦਾ*
*ਜਾਂ ਲਬਾਂ ਤੇ ਆਂਦੀ ਹੈ।* [13]

ਬਾਬਾ ਫ਼ਰੀਦ ਤੋਂ ਲੈ ਕੇ ਬੁੱਲ੍ਹੇ ਸ਼ਾਹ ਤਕ ਪੰਜਾਬੀ ਸੂਫ਼ੀ ਕਾਵਿ ਵਿਚ ਮਨੁੱਖੀ ਜੀਵਨ, ਪ੍ਰੇਮ, ਵਿਛੋੜਾ, ਰੱਬੀ ਅਨੁਭਵ ਅਤੇ ਸਮਾਜਿਕ ਚੇਤਨਾ ਦੇ ਵੱਖ-ਵੱਖ ਰੂਪ ਪ੍ਰਗਟ ਹੁੰਦੇ ਹਨ। ਜਿੱਥੇ ਬਾਬਾ ਫ਼ਰੀਦ ਮਨੁੱਖੀ ਜੀਵਨ ਦੀ ਨਾਸ਼ਮਾਨਤਾ, ਨਿਮਰਤਾ ਅਤੇ ਆਤਮਿਕ ਚੇਤਨਾ ਉੱਪਰ ਜ਼ੋਰ ਦਿੰਦੇ ਹਨ, ਉੱਥੇ ਬੁਲ੍ਹੇ ਸ਼ਾਹ ਨੇ ਪ੍ਰੇਮ ਨੂੰ ਮਨੁੱਖੀ ਅਤੇ ਰੱਬੀ ਅਨੁਭਵ ਦਾ ਕੇਂਦਰੀ ਧੁਰਾ ਮੰਨਿਆ ਹੈ।

ਸਦਾਚਾਰਕ ਤੇ ਨੈਤਿਕ ਜੀਵਨ ਜੀਉਣਾ ਸੂਫ਼ੀਆਂ ਦਾ ਮੁੱਖ ਸਿਧਾਂਤ ਹੈ। ਸਰਬ-ਸੰਤੋਖ ਦਾ ਜੀਵਨ ਜੀਉਣਾ, ਬਦਲੇ ਦੀ ਭਾਵਨਾ ਤੋਂ ਨਿਰਲੇਪ ਰਹਿਣਾ, ਭਰਾਤਰੀ ਸੰਬਧਾਂ ਦੀ ਸਥਾਪਨਾ ਕਰਨਾ ਹੀ ਸੂਫ਼ੀਆਂ ਦਾ ਮਕਸਦ ਹੈ। ਸੂਫ਼ੀ ਆਚਰਣਿਕ ਉੱਚਤਾ ਨੂੰ ਮੁਕਤੀ ਦੇ ਮਾਰਗ ਵਜੋਂ ਸਵੀਕਾਰ ਕਰਦੇ ਹਨ। ਸੂਫ਼ੀ ਉਸ ਨੈਤਿਕਤਾ ਉੱਪਰ ਜ਼ੋਰ ਦਿੰਦੇ ਹਨ ਜਿਹੜੀ ਮਨੁੱਖ ਦੇ ਅੰਤਰਕਰਣ ਵਿਚੋਂ ਜਾਗਦੀ ਹੈ। ਭਾਵੇਂ ਇਹ ਨੈਤਿਕਤਾ ਸੂਫ਼ੀ ਵਿਚਾਰਧਾਰਾ ਦੀਆਂ ਮੂਲ ਧਾਰਨਾਵਾਂ ਤੋਂ ਪ੍ਰੇਰਿਤ ਹੈ ਪਰ ਇਸ ਪਿੱਛੇ ਮਨੁੱਖੀ ਆਚਰਨ ਅਤੇ ਵਿਹਾਰ ਨੂੰ ਸੇਧ ਦੇਣ ਦੀ ਪ੍ਰੇਰਣਾ ਵੀ ਕਾਰਜਸ਼ੀਲ ਹੈ। ਇਹ ਹਰ ਮਨੁੱਖ ਲਈ ਅਰਥ ਭਰਪੂਰ ਤੇ ਪ੍ਰਾਸੰਗਿਕ ਹੈ।

*ਨੈਤਿਕਤਾ ਨੂੰ ਕਾਇਮ ਰੱਖਣ ਲਈ ਪਹਿਲਾਂ ਅੰਦਰੋਂ 'ਮੈਂ' ਦਾ ਖਾਤਮਾ ਕਰਨਾ ਜ਼ਰੂਰੀ ਹੈ। ਜਦੋਂ ਤਕ ਵਿਅਕਤੀ ਅੰਦਰ ਹਉਮੈਂ ਦਾ ਵਾਸ ਹੈ, ਉਹ ਸੱਚਾ ਸਾਧਕ ਨਹੀਂ ਬਣ ਸਕਦਾ। ਸੂਫ਼ੀ ਰਹੱਸਵਾਦੀਆਂ ਅਨੁਸਾਰ ਮਨੁੱਖ ਅੰਦਰ ਨਿਰਮਾਣਤਾ ਵਰਗੇ ਗੁਣ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਸੰਬੰਧ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਕਥਨ ਹੈ ਕਿ ਰੱਬ ਨੂੰ ਪਾਉਣ ਲਈ ਸਭ ਤੋਂ ਚੰਗਾ ਮਾਰਗ ਪ੍ਰੇਮ, ਮੁਹੱਬਤ ਜਾਂ ਇਸ਼ਕ ਦਾ ਰਸਤਾ ਹੈ।* [14]

ਸੂਫ਼ੀ ਸਾਧਕ ਨਿਮਰਤਾ ਦੇ ਪੁੰਜ ਹਨ। ਬਾਬਾ ਫ਼ਰੀਦ ਕਹਿੰਦੇ ਹਨ:-

*ਫ਼ਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ।।*
*ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।।* [15]

*ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।।* [16]

ਸੱਚੇ ਸੂਫ਼ੀ ਸਾਧਕ ਅੰਦਰ ਦਇਆ ਤੇ ਮਾਫ਼ ਕਰਨ ਦਾ ਭਾਵ ਹੋਣਾ ਲਾਜ਼ਮੀ ਹੈ। ਜਿਸ ਜੀਵ ਵਿਚ ਦਇਆ ਅਤੇ ਖਿਮਾ ਕਰਨ ਦੀ ਭਾਵਨਾ ਹੋਵੇਗੀ , ਉਹ ਸਰਵਉੱਚਤਾ ਦਾ ਧਾਰਨੀ ਹੋਵੇਗਾ। ਕਿਸੇ ਨੂੰ ਮਾਫ਼ ਕਰ ਦੇਣ ਨਾਲ ਆਪਣਾ ਅੰਦਰ ਇਕ ਰੂਹਾਨੀ ਸਕੂਨ ਨਾਲ ਭਰ ਜਾਂਦਾ ਹੈ। ਫ਼ਰੀਦ ਜੀ ਅਨੁਸਾਰ ਅੱਲਾ ਤਾਅਲਾ ਨੂੰ ਆਪਣੇ ਅੰਦਰ ਵਸਾਉਣ ਤੋਂ ਪਹਿਲਾਂ ਆਪਣੇ ਅੰਦਰੋਂ ਗਰੂਰ ਤੇ ਤੱਕਬਰ ਦਾ ਤਿਆਗ ਬੜਾ ਜ਼ਰੂਰੀ ਹੈ। ਜੋ ਜੀਵ ਇਹਨਾਂ ਨੈਤਿਕ ਗੁਣਾਂ ਦਾ ਧਾਰਨੀ ਹੁੰਦਾ ਹੈ ਉਹ

ਵਡਿਆਈ ਦਾ ਪਾਤਰ ਸਮਝਿਆ ਜਾਂਦਾ ਹੈ। ਸ਼ੇਖ ਫ਼ਰੀਦ ਤੋਂ ਲੈ ਕੇ ਹਰ ਸੂਫ਼ੀ ਨੇ ਖਿਮਾ ਅਤੇ ਦਇਆ ਆਦਿ ਗੁਣਾਂ ਨੂੰ ਅਪਨਾਉਣ ਤੇ ਜ਼ੋਰ ਦਿੱਤਾ ਹੈ:-

*ਫਰੀਦਾ ਥੀਉ ਪਵਾਹੀ ਦਭੁ ॥*
*ਜੇ ਸਾਂਈ ਲੋੜਹਿ ਸਭੁ ॥*
*ਇਕੁ ਛਿਜਹਿ ਬਿਆ ਲਤਾੜੀਅਹਿ ॥*
*ਤਾਂ ਸਾਈ ਦੈ ਦਰਿ ਵਾੜੀਅਹਿ ॥*[17]

ਪੰਜਾਬੀ ਸੂਫ਼ੀ ਕਵੀਆਂ ਦੀ ਰਾਜਸੀ ਚੇਤਨਾ ਅਤੇ ਸਮਾਜਿਕ ਪਰਿਸਥਿਤੀਆਂ ਪ੍ਰਤੀ ਠੋਸ ਸੋਚ ਸਮਾਜਿਕ ਬੇਇੰਨਸਾਫੀਆਂ ਦੇ ਪ੍ਰਤਿ ਉਨ੍ਹਾਂ ਦੇ ਪ੍ਰਤਿਰੋਧ ਦਾ ਗਿਆਨ ਕਰਵਾਉਂਦੀ ਹੈ। ਆਰਥਿਕ ਨਾ-ਬਰਾਬਰੀ ਬਾਰੇ ਰੋਸ ਦੀ ਸੁਰ ਕਾਫ਼ੀ ਉੱਚੀ ਹੈ:-

*ਫ਼ਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣ ॥*
*ਅਗੈ ਗਏ ਸਿਵਾਪਸਨ ਚੋਟਾਂ ਖਾਸੀ ਕੌਣ ॥* [18]

ਸੂਫ਼ੀਆਂ ਨੇ ਮਨੁਖ ਦੀ ਸਮਾਜਿਕ ਆਜ਼ਾਦੀ ਦੀ ਗੱਲ ਵੀ ਕੀਤੀ ਹੈ –

*ਫਰੀਦਾ ਬਾਰ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ ॥*
*ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਇ ॥* [19]

ਸ਼ਾਹ ਹੁਸੈਨ ਕਹਿੰਦੇ ਹਨ:-

*ਇਕਨਾ ਘੰਨੀ ਨੂੰ ਤਰਸਾਂਵੇਂ,*
*ਇਕੁ ਵੰਡਿ ਵੰਡਿ ਦੇਂਦੇ ਸਾਰੀਆਂ ਵੋ।*
*ਇਕਨਾ ਢੋਲ ਕਲਾਵੇ ਸੀਇਉ,*
*ਇਕ ਕੰਤਾਂ ਬਾਝ ਵਿਚਾਰੀਆਂ ਵੋ।* [20]

ਸਮੁੱਚੀ ਸੂਫ਼ੀ ਕਾਵਿ ਰਚਨਾ ਵਿਚ ਸਾਨੂੰ ਵਿਅਕਤੀ ਅਤੇ ਸਮਾਜ ਵਿਚਲਾ ਟਕਰਾਉ ਨਹੀਂ ਮਿਲਦਾ ਜੇ ਹੈ ਤਾਂ ਬਹੁਤ ਘੱਟ। ਸੂਫ਼ੀ ਕਾਵਿ ਆਪਣੇ ਆਪ ਵਿਚ ਇਕਰੂਪ ਪ੍ਰਤੀਤ ਹੁੰਦਾ ਹੈ। ਸੂਫ਼ੀ ਸਾਧਕ ਨਾਂ ਤਾਂ ਸਥਾਪਿਤ ਸੱਤਾ ਦੇ ਸਮਰਥਕ ਹਨ ਤੇ ਨਾਂ ਹੀ ਵਿਸਥਾਪਿਤਾਂ ਪ੍ਰਤੀ ਉਚੇਚੀ ਹਮਦਰਦੀ ਰੱਖਦੇ ਹਨ।

ਅਤੀਤ ਦੀਆਂ ਉਹੀ ਲਿਖਤਾਂ ਆਪਣੇ ਸਮੇਂ ਤੋਂ ਪਾਰ ਫ਼ੈਲਦੀਆਂ ਹਨ, ਜਿਨ੍ਹਾਂ ਦਾ ਸਬੰਧ ਮੂਲ ਮਾਨਵੀ ਆਦਰਸ਼ਾਂ, ਸਰੋਕਾਰਾਂ ਅਤੇ ਭਾਵਨਾਵਾਂ ਨਾਲ ਹੁੰਦਾ ਹੈ। ਸੂਫ਼ੀ ਕਾਵਿ ਰਚਨਾ ਵਿਚ ਬਹਤੁ ਕੁਝ ਅਜਿਹਾ ਮੌਜੂਦ ਹੈ ਜਿਹੜਾ ਅਜੋਕੇ ਜੀਵਨ ਦੇ ਮੂਲ ਆਦਰਸ਼ਾਂ ਅਤੇ ਪ੍ਰਮਾਣਿਕ ਜੀਵਨ ਸ਼ੈਲੀ ਲਈ ਲੋਅ ਪ੍ਰਦਾਨ ਕਰਦਾ ਹੈ। ਸੂਫ਼ੀਆਂ ਨੇ ਹਮੇਸ਼ਾ ਹੀ ਉਦਾਰਤਾ, ਸੰਪ੍ਰਦਾਇਕ ਸਦਭਾਵਨਾ, ਪਰਸਪਰ ਰਵਾਦਾਰੀ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਗੱਲ ਕੀਤੀ ਹੈ।

ਸੂਫ਼ੀ ਰਚਨਾ ਕਿਤੇ ਵੀ ਐਸ਼-ਇਸ਼ਰਤ ਭਰਪੂਰ ਜ਼ਿੰਦਗੀ ਤੇ ਇੰਦਰਿਆਵੀ ਸੁੱਖ ਨੂੰ ਸੁੱਖ ਨਹੀਂ ਮੰਨਦੀ। ਇਹ ਮਨੁੱਖ ਨੂੰ ਪਾਸ਼ਵਿਕ ਧਰਾਤਲ ਤੋਂ ਚੁੱਕ ਕੇ ਮਾਨਵੀ ਪੱਧਰ ਤਕ ਲਿਆਉਂਦੀ ਅਤੇ ਧਾਰਮਿਕ ਆਦਰਸ਼ ਨਾਲ ਜੋੜਦੀ ਹੈ। ਇਹ ਬਾਣੀ ਇਸ ਭੂ-ਖੰਡ ’ਤੇ ਵਸਤੇ ਲੋਕਾਂ ਲਈ ਹੀ ਨਹੀਂ ਬਲਕਿ ਸਮੁੱਚੀ ਮਨੁੱਖਜਾਤੀ ਲਈ ਇੱਜ਼ਤ , ਅਣਖ ਤੇ ਸਵੈ-ਮਾਨ ਨਾਲ ਜੀਉਣ ਦੇ ਮਾਨਵੀ ਅਰਥਾਂ ਦਾ ਖੁਲਾਸਾ ਕਰਦੀ ਹੈ। ਸੂਫ਼ੀ ਕਾਵਿ ਰਚਨਾ ਨੇ ਆਪਣੀ ਸਰਲਤਾ ਹੇਠ ਅੰਤਾਂ ਦੀ ਜਟਿਲਤਾ, ਗੰਭੀਰਤਾ ਤੇ ਅਰਥਾਂ ਦੇ ਬਹੁਪਸਾਰਾਂ ਨੂੰ ਛੁਪਾ ਕੇ ਰੱਖਿਆ ਹੈ। ਆਰਥਿਕ ਅਸਮਾਨਤਾ ਅਤੇ ਪਦਾਰਥਕ ਲਾਲਚ ਦੇ ਮੌਜੂਦਾ ਦੌਰ ਵਿਚ ਵੀ ਸੂਫ਼ੀਆਂ ਦੀ ਸਾਦਗੀ ਅਤੇ ਸੰਤੋਖ ਦੀ ਸਿੱਖਿਆ ਬਹੁਤ ਮਹੱਤਵ ਰੱਖਦੀ ਹੈ। ਅੱਜ ਮਨੁੱਖ ਦੀਆਂ ਲੋੜਾਂ ਨਾਲੋਂ ਇੱਛਾਵਾਂ ਵਧ ਰਹੀਆਂ ਹਨ ਅਤੇ ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਉਹ ਨਿਰੰਤਰ ਦੌੜ ਵਿਚ ਸ਼ਾਮਲ ਹੈ। ਸੂਫ਼ੀ ਵਿਚਾਰਧਾਰਾ ਮਨੁੱਖ ਨੂੰ ਇਹ ਸਮਝਾਉਂਦੀ ਹੈ ਕਿ ਅਸਲ ਸੁੱਖ ਬਾਹਰੀ ਪਦਾਰਥਾਂ ਦੇ ਇਕੱਠ ਵਿਚ ਨਹੀਂ, ਸਗੋਂ ਮਨ ਦੀ ਸੰਤੁਸ਼ਟੀ ਅਤੇ ਆਤਮਿਕ ਸ਼ਾਂਤੀ ਵਿਚ ਹੈ। ਇਸ ਲਈ ਸੂਫ਼ੀ ਕਾਵਿ ਸਿਰਫ਼ ਅਤੀਤ ਦੀ ਸਾਹਿਤਕ ਵਿਰਾਸਤ ਨਹੀਂ, ਬਲਕਿ ਵਰਤਮਾਨ ਮਨੁੱਖ ਲਈ ਜੀਵਨ-ਜਾਚ ਅਤੇ ਨੈਤਿਕ ਸੇਧ ਦਾ ਮਹੱਤਵਪੂਰਨ ਸਰੋਤ ਵੀ ਹੈ।

ਸੂਫ਼ੀ ਸੰਤਾ ਨੇ ਮਨੁੱਖ ਨੂੰ ਧਰਮ, ਜ਼ਾਤ, ਨਸਲ ਅਤੇ ਸਮਾਜਿਕ ਵੰਡਾਂ ਤੋਂ ਉੱਪਰ ਉੱਠ ਕੇ ਮਨੁੱਖਤਾ, ਪਿਆਰ, ਸਹਿਣਸ਼ੀਲਤਾ ਅਤੇ ਭਾਈਚਾਰੇ ਦੀ ਭਾਵਨਾ ਅਪਨਾਉਣ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਦੇ ਵਿਚਾਰਾਂ ਦਾ ਕੇਂਦਰੀ ਧੁਰਾ ਮਨੁੱਖੀ ਆਤਮਾ ਦੀ ਪਵਿੱਤਰਤਾ ਅਤੇ ਰੱਬ ਨਾਲ ਪ੍ਰੇਮਮਈ ਸੰਬੰਧ ਹਨ। ਸੂਫ਼ੀ ਦਰਸ਼ਨ ਵਿਚ ਰੱਬ ਦੀ ਪ੍ਰਾਪਤੀ ਦਾ ਰਾਹ ਮਨੁੱਖਤਾ ਦੀ ਸੇਵਾ, ਦਇਆ, ਨਿਮਰਤਾ ਅਤੇ ਪਿਆਰ ਰਾਹੀਂ ਗੁਜ਼ਰਦਾ ਹੈ। ਅੱਜ ਦੇ ਹਿੰਸਕ, ਧਾਰਮਿਕ ਅਸਹਿਣਸ਼ੀਲਤਾ, ਨਫ਼ਰਤ ਅਤੇ ਵੰਡ ਵਾਲੇ ਮਾਹੌਲ ਵਿਚ ਸੂਫ਼ੀ ਵਿਚਾਰਧਾਰਾ ਵਿਸ਼ਵ ਸ਼ਾਂਤੀ ਅਤੇ ਮਨੁੱਖੀ ਏਕਤਾ ਲਈ ਮਹੱਤਵਪੂਰਣ ਸੰਦੇਸ਼ ਪ੍ਰਦਾਨ ਕਰਦੀ ਹੈ। ਇਸ ਲਈ ਸੂਫ਼ੀ ਵਿਚਾਰਧਾਰਾ ਨੂੰ ਕੇਵਲ ਅਤੀਤ ਦੀ ਆਤਮਿਕ ਪਰੰਪਰਾ ਵੱਜੋਂ ਨਹੀ, ਸਗੋਂ ਵਰਤਮਾਨ ਅਤੇ ਭਵਿੱਖ ਲਈ ਮਨੁੱਖੀ ਏਕਤਾ ਅਤੇ ਵਿਸ਼ਵ ਸ਼ਾਤੀਂ ਦੇ ਦਸਤਾਵੇਜ ਵੱਜੋਂ ਦੇਖਿਆ ਜਾਣਾ ਚਾਹੀਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *Plekhanov, G.V, 1957, Art and Social Life, foreign Languages Publishing House, Moscow .*
2. *ਸਿੰਘ, ਗੁਲਵੰਤ (ਪ੍ਰੋ), 1994, ਇਸਲਾਮ ਅਤੇ ਸੂਫ਼ੀਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 69*
3. *Alhaq Shuja, 1997, A forgotten Vision Vol. 2, Vikas Publishing House Pvt. Ltd. New Delhi, Page No. 377*
4. *ਸਿੰਘ ਬ੍ਰਹਮਜਗਦੀਸ਼ (ਪ੍ਰੋ.) 2015, ਸ਼ਬਦ ਤੇ ਸ਼ਲੋਕ ਬਾਬਾ ਸ਼ੇਖ ਫ਼ਰੀਦ: ਵਿਚਾਰਧਾਰਾ ਅਤੇ ਪਾਠ, ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, ਪੰਨਾ: 26*

5. ਜਗਤਾਰ (ਡਾ.) 2008, ਬੁਲ੍ਹੇ ਸ਼ਾਹ ਜੀਵਨ ਤੇ ਰਚਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 66
6. ਉਹੀ, ਪੰਨਾ: 105
7. ਸਿੰਘ ਬ੍ਰਹਮਜਗਦੀਸ਼ (ਪ੍ਰੋ.) ,2015, ਸ਼ਬਦ ਤੇ ਸ਼ਲੋਕ ਬਾਬਾ ਸ਼ੇਖ ਫ਼ਰੀਦ: ਵਿਚਾਰਧਾਰਾ ਅਤੇ ਪਾਠ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਪੰਨਾ: 18
8. ਓਹੀ, ਪੰਨਾ: 52
9. ਓਹੀ, ਪੰਨਾ: 67
10. ਓਹੀ, ਪੰਨਾ: 68
11. ਸਿੰਘ ਬ੍ਰਹਮਜਗਦੀਸ਼ (ਪ੍ਰੋ.), 2013, ਮੱਧਕਾਲੀਨ ਕਾਵਿ-ਬੋਧ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਪੰਨਾ: 29
12. ਜਗਤਾਰ (ਡਾ.), 2008, ਬੁੱਲੇ ਸ਼ਾਹ ਜੀਵਨ ਤੇ ਰਚਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 102
13. ਘੁੰਮਣ, ਬਿਕਰਮ ਸਿੰਘ (ਪ੍ਰੋ.), 2015, ਕਾਫ਼ੀਆਂ ਗੁਲਾਮ ਫ਼ਰੀਦ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ , ਪੰਨਾ: 19
14. ਦੁਸਾਂਝ, ਕੁਲਦੀਪ ਕੌਰ (ਡਾ.), ਪੰਜਾਬੀ ਸੂਫ਼ੀ ਕਾਵਿ ਦਾ ਸਭਿਆਚਾਰਕ ਅਧਿਐਨ, ਦੀਪਕ ਪਬਲਿਸ਼ਰਜ਼, ਜਲੰਧਰ, ਪੰਨਾ: 65
15. ਸਿੰਘ ਬ੍ਰਹਮਜਗਦੀਸ਼ (ਪ੍ਰੋ.), 2015, ਸ਼ਬਦ ਤੇ ਸ਼ਲੋਕ ਬਾਬਾ ਸ਼ੇਖ ਫ਼ਰੀਦ: ਵਿਚਾਰਧਾਰਾ ਅਤੇ ਪਾਠ, ਵਾਰਿਸ਼ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, ਪੰਨਾ: 54
16. ਓਹੀ, ਪੰਨਾ: 57
17. ਓਹੀ, ਪੰਨਾ: 143
18. ਓਹੀ, ਪੰਨਾ: 18
19. ਓਹੀ, ਪੰਨਾ: 119
20. ਸ਼ੀਤਲ, ਜੀਤ ਸਿੰਘ, 1978, ਸ਼ਾਹ ਹੁਸੈਨ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ , ਪੰਨਾ: 76


## *Cite this Article-*


*ਡਾ. ਅਨੁਰਾਧਾ (Dr. Anuradha), ਸੂਫ਼ੀ ਵਿਚਾਰਧਾਰਾ: ਪਿਆਰ ਅਤੇ ਸ਼ਾਂਤੀ ਦਾ ਵਿਸ਼ਵ ਸੁਨੇਹਾ (Sufi Vichardhara: Pyar Ate Shanti Da Vishav Suneha), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 12-16.*

*Journal URL:* *www.armaan.org.in*

*DOI:* *https://doi.org/10.64119/armaan.vol.4.issue3.03*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/